PUNRAJ AGRO MARKETING CO-OP. SOC. LTD.
BATHINDA

Infromation about Voter List



# ਪੀ ਐੱਸ ਟੈੱਟ ਪ੍ਰੀਖਿਆ 19 ਅਪਰੈਲ ਨੂੰ

ਖੇਤਰੀ ਪ੍ਰਤੀਨਿਧ

**ਐੱਸ ਏ ਐੱਸ ਨਗਰ (ਮੁਹਾਲੀ), 24 ਮਾਰਚ**

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐੱਸ ਸੀ ਈ ਆਰ ਟੀ) ਸਿੱਖਿਆ ਵਿਭਾਗ ਵਿਚ ਸੇਵਾਵਾਂ ਨਿਭਾ ਰਹੇ ਸਨ ਸਰਵਿਸ ਅਧਿਆਪਕਾਂ ਲਈ ਪੀ ਐੱਸ ਟੈੱਟ-1 ਅਤੇ ਪੀ ਐੱਸ ਟੈੱਟ-2 ਦੀ ਪ੍ਰੀਖਿਆ ਦੀ ਮਿਤੀ ਤੈਅ ਕਰ ਦਿੱਤੀ ਹੈ। ਇਹ ਪ੍ਰੀਖਿਆ 19 ਅਪਰੈਲ 2026 ਨੂੰ ਲਈ ਜਾਵੇਗੀ। ਵਿਭਾਗ ਵੱਲੋਂ ਜਾਰੀ ਕੀਤੇ ਗਏ ਨੋਟਿਸ ਮੁਤਾਬਕ, ਇਹ ਪ੍ਰੀਖਿਆ ਸਿਰਫ਼ ਉਨ੍ਹਾਂ ਅਧਿਆਪਕਾਂ ਲਈ ਹੈ ਜੋ ਇਸ ਸਮੇਂ ਸਰਕਾਰੀ ਸੇਵਾ ਵਿੱਚ ਹਨ।

**RETURNING OFFICER, THE PANRAJ AGRO MARKETING COOPERATIVE SOCIETY LTD:- CUM DISTRICT MAGISTRATE, BATHINDA**

## Information about voter list

All the members of The Panraj Agro Marketing Cooperative Society Ltd: Shop no. 17, Old Grain Market, Opposite Mandi Karan Board, Bathinda, Punjab-151001 are informed that a provisional voter list of all the eligible members for the election of the board of the Society has been prepared. This voter list can be viewed at Office: District Magistrate, Bathinda, Office: Deputy Registrar, Co-operative Societies, Bathinda, Registered office of society and The Panraj Agro Marketing Cooperative Society Ltd: C/o Roshan Lal, 32, Near Bus Stand, Ram Singh Pura, Teh. Anup Garh, District Sri Ganga Nagar, Rajasthan on any working day during office hours. If anyone has any objection regarding this voter list, member can file objection in writing at Office Room No: 463 District Administrative Complex Bathinda till 26.03.2026 till 05.00 P.M. Whatever objections are raised, their consideration will be done from 27 March to 01 April 2026 from 11.00 am to 03.00 pm. and the final voter list will be released on 01.04.2026 by 05.00 pm.

sd/-
Tajeshwar Singh ARO
for Returning Officer-Cum-
District Magistrate, Bathinda.

# ਗਣਿਤ ਦੇ ਅਧੂਰੇ ਸਵਾਲ ਲਈ ਗ੍ਰੇਸ ਅੰਕ ਦੇਣ ਦੀ ਮੰਗ

**ਚੰਡੀਗੜ੍ਹ (ਪੱਤਰ ਪ੍ਰੇਰਕ):** ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਦੌਰਾਨ ਅੱਜ ਹੋਏ ਦਸਵੀਂ ਜਮਾਤ ਦੇ ਗਣਿਤ ਵਿਸ਼ੇ ਦੇ ਪੇਪਰ ਵਿੱਚ ਦਿੱਤੇ ਗਏ ਅਧੂਰੇ ਸਵਾਲ ਲਈ ਗੌਰਮਿੰਟ ਟੀਚਰਜ਼ ਯੂਨੀਅਨ ਨੇ ਵਿਦਿਆਰਥੀਆਂ ਨੂੰ ਗ੍ਰੇਸ ਅੰਕ ਦੇਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਅਤੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਦਸਵੀਂ ਜਮਾਤ ਦੇ ਗਣਿਤ ਵਿਸ਼ੇ ਦੇ ਅੱਜ ਹੋਏ ਪੇਪਰ ਵਿੱਚ ਖੇਤਰਫਲ ਅਤੇ ਆਇਤਨ ਭਾਗ ਵਿੱਚੋਂ ਪੁੱਛੇ ਗਏ ਸਵਾਲ ਦੀ ਸਟੇਟਮੈਂਟ ਅਧੂਰੀ ਸੀ ਜਿਸ ਕਰ ਕੇ ਪ੍ਰੀਖਿਆਰਥੀਆਂ ਦੁਬਿਧਾ ਵਿੱਚ ਪੈ ਗਏ ਅਤੇ ਉਨ੍ਹਾਂ ਦਾ ਕੀਮਤੀ ਸਮਾਂ ਖਰਾਬ ਹੋਇਆ। ਆਗੂਆਂ ਨੇ ਸਿੱਖਿਆ ਮੰਤਰੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਤੋਂ ਮੰਗ ਕੀਤੀ ਕਿ ਇਸ ਅਧੂਰੇ ਪ੍ਰਸ਼ਨ ਬਦਲੇ ਵਿਦਿਆਰਥੀਆਂ ਨੂੰ ਗ੍ਰੇਸ ਅੰਕ ਦਿੱਤੇ ਜਾਣ ਅਤੇ ਗਲਤ ਪੇਪਰ ਬਣਾਉਣ ਵਾਲੇ ਅਧਿਕਾਰੀਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇ।